pstcl
# ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ
(ਰਜਿ: ਦਫਤਰ: ਪੀ.ਐਸ.ਈ.ਬੀ., ਹੈਡ ਆਫਿਸ,ਦੀ ਮਾਲ,ਪਟਿਆਲਾ-147001,ਪੰਜਾਬ,ਭਾਰਤ)
ਕਾਰਪੋਰੇਟ ਆਈ.ਡੀ.ਨੰ:U40109PB2010SGC033814
ਦਫਤਰ:ਉਪ ਮੁੱਖ ਇੰਜੀਨੀਅਰ/ਐਚ.ਆਰ. ਤੇ ਪ੍ਰਬੰਧਕੀ,ਸ਼ਕਤੀ ਸਦਨ,ਪਟਿਆਲਾ।
ਫੈਕਸ ਨੰ: 0175-2220054 ਟੈਲੀਫੋਨ ਨੰ: 0175-2225907 ਵੈਬ ਸਾਇਟ:pstcl.org

ਵੱਲ

1. ਮੁੱਖ ਇੰਜੀ:/ਟੀ.ਐਸ., ਪੀ.ਐਸ.ਟੀ.ਸੀ.ਐਲ, ਪਟਿਆਲਾ।
2. ਮੁੱਖ ਇੰਜੀ:/ਪੀ ਤੇ ਐਮ, ਪੀ.ਐਸ.ਟੀ.ਸੀ.ਐਲ, ਲੁਧਿਆਣਾ।
3. ਮੁੱਖ ਇੰਜੀ:/ਐਸ.ਐਲ.ਡੀ.ਸੀ, ਪੀ.ਐਸ.ਟੀ.ਸੀ.ਐਲ, ਪਟਿਆਲਾ।
4. ਮੁੱਖ ਵਿੱਤੀ ਅਫ਼ਸਰ, ਪੀ.ਐਸ.ਟੀ.ਸੀ.ਐਲ, ਪਟਿਆਲਾ।
5. ਮੁੱਖ ਲੇਖਾ ਅਫਸਰ/ਐਫ ਐਂਡ ਏ, ਪੀ.ਐਸ.ਟੀ.ਸੀ.ਐਲ, ਪਟਿਆਲਾ।
6. ਸਾਰੇ ਉੱਪ ਮੁੱਖ ਇੰਜੀ:/ਨਿਗਰਾਨ ਇੰਜੀ:, ਪੀ.ਐਸ.ਟੀ.ਸੀ.ਐਲ।
7. ਕੰਪਨੀ ਸੈਕਟਰੀ, ਪੀ.ਐਸ.ਟੀ.ਸੀ.ਐਲ, ਪਟਿਆਲਾ।
8. ਸਾਰੇ ਵਧੀਕ ਨਿਗ: ਇੰਜੀ:/ਸੀ.ਕਾ.ਇੰਜੀ:, ਪੀ.ਐਸ.ਟੀ.ਸੀ.ਐਲ।

ਮੀਮੋ ਨੰ: 13221/28 /PF-844 ਮਿਤੀ: 25/X/19

ਵਿਸ਼ਾ:- **ਪੀ.ਐਸ.ਟੀ.ਸੀ.ਐਲ ਅਧੀਨ ਤੈਨਾਤ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਲਈ ਜਾਣ ਵਾਲੀ ਐਕਸ-ਇੰਡੀਆਂ ਲੀਵ (ਵਿਦੇਸ਼ੀ ਛੁੱਟੀ) ਲਈ ਐਨ.ਓ.ਸੀ. ਜਾਰੀ ਕਰਨ ਸਬੰਧੀ।**

ਹਵਾਲਾ: **ਇਸ ਦਫ਼ਤਰ ਦਾ ਮੀਮੋ ਨੰ: 7869/77 ਮਿਤੀ 04.06.18 (ਕਾਪੀ ਨੱਥੀ)**

ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਦੀ ਲਗਾਤਾਰਤਾ ਵਿੱਚ ਲਿਖਿਆ ਜਾਂਦਾ ਹੈ ਕਿ ਜਿਵੇਂ ਕਿ ਇਸ ਦਫ਼ਤਰ ਵੱਲੋ ਪਹਿਲਾਂ ਵੀ ਹਦਾਇਤ ਕੀਤੀ ਜਾ ਚੁੱਕੀ ਹੈ ਕਿ ਕਿਸੇ ਵੀ ਅਧਿਕਾਰੀ/ਕਰਮਚਾਰੀ ਦਾ ਵਿਦੇਸ਼ ਜਾਣ ਸਬੰਧੀ ਬਿਨੈ-ਪੱਤਰ ਵਿਦੇਸ਼ ਜਾਣ ਤੋ ਘੱਟੋ-ਘੱਟ ਇਕ ਮਹੀਨਾ ਪਹਿਲਾਂ, ਸਬੰਧਤ ਐਚ.ਓ.ਡੀ. ਵੱਲੋਂ ਸ਼ਿਫਾਰਸ਼ ਸਹਿਤ ਮੁਕੰਮਲ ਰੂਪ ਵਿਚ ਇਸ ਦਫਤਰ ਨੂੰ ਭੇਜਣਾ ਯਕੀਨੀ ਬਣਾਇਆ ਜਾਵੇ, ਅਜਿਹਾ ਨਾ ਹੋਣ ਦੀ ਸੂਰਤ ਵਿਚ ਲੋੜੀਂਦੇ ਕੇਸਾਂ ਨੂੰ ਇਸ ਦਫਤਰ ਵਿਚ ਨਹੀਂ ਵਿਚਾਰਿਆ ਜਾਵੇਗਾ ਪਰੰਤੂ ਫਿਰ ਵੀ ਉਕਤ ਹਦਾਇਤਾਂ ਦੀ ਪਾਲਣਾ ਪੂਰੇ ਤਰੀਕੇ ਨਾਲ ਨਹੀਂ ਕੀਤੀ ਜਾ ਰਹੀ ਸੀ।

ਹੁਣ ਮਾਣਯੋਗ ਸੀ.ਐਮ.ਡੀ, ਪੀ.ਐਸ.ਟੀ.ਸੀ.ਐਲ ਜੀ ਵੱਲੋ ਚਾਹਿਆ ਗਿਆ ਹੈ ਕਿ ਵਿਦੇਸ਼ ਜਾਉਣ ਸਬੰਧੀ ਐਨ.ਓ.ਸੀ ਦੇ ਕੇਸ ਉਨ੍ਹਾਂ ਕੋਲ ਕਰਮਚਾਰੀ ਦੇ ਵਿਦੇਸ਼ ਜਾਣ ਦੀ ਮਿਤੀ ਤੋਂ ਘੱਟੋ-ਘੱਟ 10 ਦਿਨ ਪਹਿਲਾਂ ਪ੍ਰਵਾਨਗੀ ਲਈ ਭੇਜੇ ਜਾਣ। ਇਸ ਲਈ ਇਹਨਾਂ ਹਦਾਇਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਪੱਤਰ ਰਾਹੀਂ ਸਮੂਹ ਦਫ਼ਤਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਦਫ਼ਤਰ ਵੱਲੋ ਐਨ.ਓ.ਸੀ ਸਬੰਧੀ ਕਾਰਵਾਈ ਲਈ ਲਗਭਗ 1 ਮਹੀਨੇ ਦਾ ਸਮਾਂ ਲੱਗਦਾ ਹੈ, ਇਸ ਲਈ ਐਨ.ਓ.ਸੀ. ਸਬੰਧੀ ਕੇਸਾਂ ਨੂੰ ਘੱਟੋ-ਘੱਟ 40 ਦਿਨ ਪਹਿਲਾਂ ਇਸ ਦਫ਼ਤਰ ਵਿੱਚ ਭੇਜਿਆ ਜਾਵੇ ਤਾਂ ਜ਼ੋ ਉੱਚ ਅਧਿਕਾਰੀਆਂ ਦੀਆਂ ਹਿਦਾਇਤਾਂ ਅਨੁਸਾਰ ਅਧਿਕਾਰੀਆਂ/ਕਰਮਚਾਰੀਆਂ ਨੂੰ ਸਮੇਂ ਸਿਰ ਐਨ.ਓ.ਸੀ ਜ਼ਾਰੀ

ਕੀਤਾ ਜਾ ਸਕੇ। ਉਕਤ ਹਿਦਾਇਤਾਂ ਦੀ ਪਾਲਣਾ ਨਾ ਕਰਨ ਦੀ ਸੂਰਤ ਵਿੱਚ ਐਨ.ਓ.ਸੀ ਸਬੰਧੀ ਕੇਸਾਂ ਨੂੰ ਵਿਚਾਰਿਆ ਨਹੀਂ ਜਾਵੇਗਾ ਅਤੇ ਮੂਲ ਰੂਪ ਵਿੱਚ ਵਾਪਿਸ ਭੇਜ਼ ਦਿੱਤਾ ਜਾਵੇਗਾ।

ਇਹ ਸਮਰੱਥ ਅਧਿਕਾਰੀ ਦੇ ਹੁਕਮਾਂ ਅਨੁਸਾਰ ਨਾਲ ਜਾਰੀ ਕੀਤਾ ਜਾਂਦਾ ਹੈ।

ਮੁੱਖ ਇੰਜੀ:/ਐਚ.ਆਈ.ਐਸ ਅਤੇ ਡੀ,
ਪੀ.ਐਸ.ਟੀ.ਸੀ.ਐਲ.,ਪਟਿਆਲਾ।

ਪਿੱਠ ਅੰਕਣ ਨੰ: 13229/33 ਮਿਤੀ: 25/X/19

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸੀਨੀ ਪੀ.ਐਸ ਟੂ ਸੀ.ਐਮ.ਡੀ., ਪੀ.ਐਸ.ਟੀ.ਸੀ.ਐਲ, ਪਟਿਆਲਾ।
2. ਸੀ.ਐਕਸਿਅਨ ਟੂ ਡਾਇਰੈਕਟਰ/ਟੈਕਨੀਕਲ, ਪੀ.ਐਸ.ਟੀ.ਸੀ.ਐਲ, ਪਟਿਆਲਾ।
3. ਉੱਪ ਸਕੱਤਰ ਟੂ ਡਾਇਰੈਕਟਰ/ਪ੍ਰਬੰਧਕੀ, ਪੀ.ਐਸ.ਟੀ.ਸੀ.ਐਲ, ਪਟਿਆਲਾ।
4. ਪੀ.ਏ ਟੂ ਡਾਇਰੈਕਟਰ/ਐਫ ਅਤੇ ਸੀ, ਪੀ.ਐਸ.ਟੀ.ਸੀ.ਐਲ, ਪਟਿਆਲਾ।
5. ਪੀ.ਐਸ. ਟੂ ਮੁੱਖ ਇੰਜੀ:/ਐਚ.ਆਈ.ਐਸ ਤੇ ਡੀ., ਪੀ.ਐਸ.ਟੀ.ਸੀ.ਐਲ, ਪਟਿਆਲਾ।

ਮੁੱਖ ਇੰਜੀ:/ਐਚ.ਆਈ.ਐਸ ਅਤੇ ਡੀ,
ਪੀ.ਐਸ.ਟੀ.ਸੀ.ਐਲ.,ਪਟਿਆਲਾ।

ਸੀ.ਸੀ. 13234/37 ਮਿ. 25/X/19

1. ਡੀ.ਜੀ.ਐਮ./ਆਈ.ਟੀ, ਪੀ.ਐਸ.ਟੀ.ਸੀ.ਐਲ, ਪਟਿਆਲਾ ਨੂੰ ਭੇਜਦੇ ਹੋਇਆਂ ਲਿਖਿਆ ਜਾਂਦਾ ਹੈ ਕਿ ਉਪਰੋਕਤ ਦਾ ਉਤਾਰਾ ਪੀ.ਐਸ.ਟੀ.ਸੀ.ਐਲ ਦੀ ਵੈਬਸਾਇਟ ਤੇ ਅਪਲੋਡ ਕੀਤਾ ਜਾਵੇ ਜੀ।
2. ਉਪ ਮੁੱਖ ਇੰਜੀ:/ਟੈਕਨਿਕਲ ਆਡਿਟ,ਪੀ.ਐਸ.ਟੀ.ਸੀ.ਐਲ.,ਪਟਿਆਲਾ।
3. ਉਪ ਮੁੱਖ ਇੰਜੀ:/ਸਟੋਰ ਤੇ ਡਿਸਪੋਜ਼ਲ,ਪੀ.ਐਸ.ਟੀ.ਸੀ.ਐਲ.,ਪਟਿਆਲਾ।
4. ਉਪ ਸਕੱਤਰ/ਲੀਗਲ,ਪੀ.ਐਸ.ਟੀ.ਸੀ.ਐਲ.,ਪਟਿਆਲਾ।

pstcl

**ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ**

**(ਰਜਿ:ਦਫ਼ਤਰ:ਪੀ.ਐਸ.ਈ.ਬੀ.,ਹੈਡ ਆਫਿਸ, ਦੀ ਮਾਲ,ਪਟਿਆਲਾ-147001,ਪੰਜਾਬ,ਭਾਰਤ)**

**ਕਾਰਪੋਰੇਟ ਆਈ.ਡੀ.ਨੰ:U40109PB2010SGC033814**

**ਦਫ਼ਤਰ: ਉਪ ਮੁੱਖ ਇੰਜੀ:/ਐਚ.ਆਰ ਤੇ ਪ੍ਰਬੰਧਕੀ (ਅਮਲਾ ਭਾਗ), ਸ਼ਕਤੀ ਸਦਨ ਪਟਿਆਲਾ**

**ਫੈਕਸ ਨੰ:0175-2220054** **ਟੈਲੀਫੋਨ ਨੰ:0175-2970693**

**ਵੈਬ ਸਾਈਟ:** pstcl.org **ਈ.ਮੇਲ.:** dysecy-estb@pstcl.org

ਵੱਲ

1. ਮੁੱਖ ਇੰਜੀ:/ਟੀ.ਐਸ., ਪੀ.ਐਸ.ਟੀ.ਸੀ.ਐਲ, ਪਟਿਆਲਾ।
2. ਮੁੱਖ ਇੰਜੀ:/ਪੀ. ਤੇ ਐਮ., ਪੀ.ਐਸ.ਟੀ.ਸੀ.ਐਲ, ਲੁਧਿਆਣਾ।
3. ਮੁੱਖ ਇੰਜੀ:/ਐਸ.ਐਲ.ਡੀ.ਸੀ, ਪੀ.ਐਸ.ਟੀ.ਸੀ.ਐਲ, ਪਟਿਆਲਾ।
4. ਸਾਰੇ ਉਪ ਮੁੱਖ ਇੰਜੀ: ਪੀ.ਐਸ.ਟੀ.ਸੀ.ਐਲ।
5. ਸਾਰੇ ਵਧੀਕ ਨਿਗ: ਇੰਜੀ:/ਨਿਗ: ਇੰਜੀ: ਪੀ.ਐਸ.ਟੀ.ਸੀ.ਐਲ,।
6. ਮੁੱਖ ਵਿਤੀ ਅਫਸਰ, ਪੀ.ਐਸ.ਟੀ.ਸੀ.ਐਲ, ਪਟਿਆਲਾ।
7. ਵਿਤ ਸਲਾਹਕਾਰ, ਪੀ.ਐਸ.ਟੀ.ਸੀ.ਐਲ, ਪਟਿਆਲਾ।
8. ਮੁੱਖ ਪੜਤਾਲਕਾਰ, ਪੀ.ਐਸ.ਟੀ.ਸੀ.ਐਲ, ਪਟਿਆਲਾ।
9. ਕੰਪਨੀ ਸੈਕਟਰੀ, ਪੀ.ਐਸ.ਟੀ.ਸੀ.ਐਲ, ਪਟਿਆਲਾ।

ਮੀਮੋ ਨੰ: 7869/77 /ਮਿਸ.

ਮਿਤੀ: 04/06/18

ਵਿਸ਼ਾ- **ਪੀ.ਐਸ.ਟੀ.ਸੀ.ਐਲ. ਅਧੀਨ ਤੈਨਾਤ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਲਈ ਜਾਣ ਵਾਲੀ ਐਕਸ-ਇੰਡੀਆਂ ਲੀਵ (ਵਿਦੇਸ਼ੀ ਛੁੱਟੀ) ਲਈ ਐਨ.ਓ.ਸੀ. ਜਾਰੀ ਕਰਨ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਸੂਚਿਤ ਕੀਤਾ ਜਾਂਦਾ ਹੈ ਕਿ ਪੀ.ਐਸ.ਟੀ.ਸੀ.ਐਲ. ਅਧੀਨ ਤੈਨਾਤ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਲਈ ਜਾਣ ਵਾਲੀ ਐਕਸ-ਇੰਡੀਆਂ ਲੀਵ (ਵਿਦੇਸ਼ੀ ਛੁੱਟੀ) ਲਈ ਐਨ.ਓ.ਸੀ. ਜਾਰੀ ਕਰਨ ਸਬੰਧੀ ਹੇਠ ਲਿਖੀਆਂ ਹਦਾਇਤਾਂ ਜਾਰੀਂ ਕੀਤੀਆਂ ਜਾਂਦੀਆਂ ਹਨ:-

1. ਪੀ.ਐਸ.ਟੀ.ਸੀ.ਐਲ ਸੰਸਥਾਂ ਵਿਚ ਪੀ.ਐਸ.ਟੀ.ਸੀ.ਐਲ. ਵੱਲੋ ਡੈਪੂਟੇਸ਼ਨ ਤੇ ਤੈਨਾਤ ਅਧਿਕਾਰੀਆਂ ਵੱਲੋਂ ਲਏ ਜਾਣ ਵਾਲੇ ਐਨ.ਓ.ਸੀ. ਜਾਰੀ ਕਰਨ ਦੀ ਪ੍ਰਵਾਨਗੀ ਅਤੇ ਐਕਸ-ਇੰਡੀਆਂ ਲੀਵ (ਵਿਦੇਸ਼ੀ ਛੁੱਟੀ) ਦੀ ਪ੍ਰਵਾਨਗੀ, ਮੁੱਖ ਇੰਜੀ:ਐਚ.ਆਈ.ਐਸ. ਅਤੇ ਡੀ., ਪੀ.ਐਸ.ਟੀ.ਸੀ.ਐਲ, ਪਟਿਆਲਾ ਦੇ ਦਫਤਰ ਰਾਹੀਂ, ਪੀ.ਐਸ.ਪੀ.ਸੀ.ਐਲ. ਵੱਲੋ ਦਿੱਤੀ ਜਾਵੇਗੀ।

2. ਪੀ.ਐਸ.ਟੀ.ਸੀ.ਐਲ ਵਿਚ ਪੀ.ਐਸ.ਪੀ.ਸੀ.ਐਲ ਦੇ ਕਰਮਚਾਰੀਆਂ ਦੇ ਕੇਸਾਂ ਵਿਚ ਐਨ.ਓ.ਸੀ. ਜਾਰੀ ਕਰਨ ਦੀ ਪ੍ਰਵਾਨਗੀ, ਮੁੱਖ ਇੰਜੀ:ਐਚ.ਆਈ.ਐਸ.ਡੀ. ਪੀ.ਐਸ.ਟੀ.ਸੀ.ਐਲ. ਪਟਿਆਲਾ ਦੇ ਦਫਤਰ ਰਾਹੀਂ ਮਾਨਯੋਗ ਸੀ.ਐਮ.ਡੀ., ਪੀ.ਐਸ.ਟੀ.ਸੀ.ਐਲ. ਵੱਲੋ ਦਿੱਤੀ ਜਾਵੇਗੀ, ਅਤੇ ਕਰਮਚਾਰੀਆਂ ਦੀ ਛੁੱਟੀ, ਉਪ ਸਕੱਤਰ ਪੀ.ਤੇ ਆਰ, ਰੈਗੂਲੇਸ਼ਨ ਭਾਗ, ਪੀ.ਐਸ.ਪੀ.ਸੀ.ਐਲ., ਪਟਿਆਲਾ ਦੇ ਦਫਤਰੀ ਹੁਕਮ ਨੰ: 1054 ਮਿਤੀ.19.01.2017 ਰਾਹੀਂ ਜਾਰੀ ਹਦਾਇਤਾਂ ਮੁਤਾਬਿਕ ਪਾਸ ਕੀਤੀ ਜਾਵੇਗੀ।

3. ਪੀ.ਐਸ.ਟੀ.ਸੀ.ਐਲ. ਵੱਲੋਂ ਭਰਤੀ ਕੀਤੇ ਗਏ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਲਈ ਜਾਣ ਵਾਲੀ ਐਕਸ-ਇੰਡੀਆਂ ਲੀਵ (ਵਿਦੇਸ਼ੀ ਛੁੱਟੀ) ਲੈਣ ਲਈ ਐਨ.ਓ.ਸੀ. ਜਾਰੀ ਕਰਨ ਦੀ ਪ੍ਰਵਾਨਗੀ, ਮੁੱਖ ਇੰਜੀ:ਐਚ.ਆਈ.ਐਸ.ਡੀ. ਪੀ.ਐਸ.ਟੀ.ਸੀ.ਐਲ, ਪਟਿਆਲਾ ਦੇ ਦਫਤਰ ਰਾਹੀਂ ਮਾਨਯੋਗ ਡਾਇਰੈਕਟਰ/ਪ੍ਰਬੰਧਕੀ, ਪੀ.ਐਸ.ਟੀ.ਸੀ.ਐਲ. ਵੱਲੋਂ ਦਿਤੀ ਜਾਵੇਗੀ। ਅਧਿਕਾਰੀਆਂ/ਕਰਮਚਾਰੀਆਂ ਦੇ ਕੇਸ ਵਿਚ ਐਕਸ ਇੰਡੀਆਂ ਲੀਵ, ਉਪ ਸਕੱਤਰ ਪੀ.ਤੇ ਆਰ, ਰੈਗੂਲੇਸ਼ਨ ਭਾਗ, ਪੀ.ਐਸ.ਪੀ.ਸੀ.ਐਲ., ਪਟਿਆਲਾ ਦੇ ਦਫਤਰੀ ਹੁਕਮ ਨੰ:1054 ਮਿਤੀ.19.01.2017 ਰਾਹੀਂ ਜਾਰੀ ਹਦਾਇਤਾਂ ਮੁਤਾਬਿਕ ਪਾਸ ਕੀਤੀ ਜਾਵੇਗੀ।

ਉਪਰੋਕਤ ਤੋ ਇਲਾਵਾ ਨਾਲ ਹੀ ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਕਿਸੇ ਵੀ ਅਧਿਕਾਰੀ/ਕਰਮਚਾਰੀ ਦਾ ਵਿਦੇਸ਼ ਜਾਣ ਸਬੰਧੀ ਬਿਨੈ-ਪੱਤਰ ਅਤੇ ਛੁੱਟੀ ਵਿਦੇਸ਼ ਜਾਣ ਤੋ ਘੱਟੋ ਘੱਟ ਇਕ ਮਹੀਨਾ ਪਹਿਲਾਂ, ਸਬੰਧਤ ਐਚ.ਓ.ਡੀ. ਵੱਲੋ ਸਿਫਾਰਸ਼ਾ ਸਹਿਤ ਮੁੰਕਮਲ ਰੂਪ ਵਿਚ ਇਸ ਦਫਤਰ ਨੂੰ ਭੇਜਣਾ ਯਕੀਨੀ ਬਣਾਇਆ ਜਾਵੇ, ਅਜਿਹਾ ਨਾ ਹੋਣ ਦੀ ਸੂਰਤ ਵਿਚ ਲੋੜੀਦੇ ਕੇਸਾਂ ਨੂੰ ਇਸ ਦਫਤਰ ਵਿਚ ਨਹੀਂ ਵਿਚਾਰਿਆ ਜਾਵੇਗਾ। ਕੇਸ ਭੇਜਦੇ ਸਮੇਂ ਇਹ ਵੀ ਤਸਦੀਕ ਕੀਤਾ ਜਾਵੇ ਕਿ ਅਧਿਕਾਰੀ/ਕਰਮਚਾਰੀ ਵਿਰੁੱਧ ਕਿਸੇ ਵੀ ਤਰਾਂ ਦਾ ਅਨੁਸ਼ਾਸ਼ਨੀ/ਅਪਰਾਧੀ ਕੇਸ ਲਮਕਾ ਅਵਸਥਾ ਵਿਚ ਨਹੀਂ ਹੈ।

ਇਹ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

ਉਪ ਮੁੱਖ ਇੰਜੀ:/ਐਚ.ਆਰ. ਤੇ ਪ੍ਰਬੰਧਕੀ,
ਪੀ.ਐਸ.ਟੀ.ਸੀ.ਐਲ, ਪਟਿਆਲਾ।

ਪਿੱਠ ਅੰਕਣ ਨੰ: 7878/82 ਮਿਤੀ: 04/06/18

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਸੀਨੀ. ਪੀ.ਐਸ ਟੂ ਸੀ.ਐਮ.ਡੀ., ਪੀ.ਐਸ.ਟੀ.ਸੀ.ਐਲ, ਪਟਿਆਲਾ।
2. ਸੀਨੀ. ਪੀ.ਐਸ ਟੂ ਡਾਇਰੈਕਟਰ/ਪ੍ਰਬੰਧਕੀ, ਪੀ.ਐਸ.ਟੀ.ਸੀ.ਐਲ, ਪਟਿਆਲਾ।
3. ਸੀਨੀ. ਪੀ.ਐਸ ਟੂ ਡਾਇਰੈਕਟਰ/ਐਫ. ਅਤੇ ਸੀ., ਪੀ.ਐਸ.ਟੀ.ਸੀ.ਐਲ, ਪਟਿਆਲਾ।
4. ਸੰਯੁਕਤ ਸਕੱਤਰ ਟੂ ਡਾਇਰੈਕਟਰ/ਟੈਕਨੀਕਲ, ਪੀ.ਐਸ.ਟੀ.ਸੀ.ਐਲ, ਪਟਿਆਲਾ। .
5. ਪੀ.ਐਸ. ਟੂ ਮੁੱਖ ਇੰਜੀ:/ਐਚ.ਆਈ. ਐਸ. ਤੇ ਡੀ. ਪੀ.ਐਸ.ਟੀ.ਸੀ.ਐਲ, ਪਟਿਆਲਾ।

-ਸਹੀ-
ਉਪ ਮੁੱਖ ਇੰਜੀ:/ਐਚ.ਆਰ. ਤੇ ਪ੍ਰਬੰਧਕੀ,
ਪੀ.ਐਸ.ਟੀ.ਸੀ.ਐਲ, ਪਟਿਆਲਾ।

7883
04/06/18

ਸੀ.ਸੀ.:- ਡੀ.ਜੀ.ਐਮ./ਆਈ. ਟੀ., , ਪੀ.ਐਸ.ਟੀ.ਸੀ.ਐਲ, ਪਟਿਆਲਾ ਨੂੰ ਭੇਜਦੇ ਹੋਇਆਂ ਲਿਖਿਆ ਜਾਂਦਾ ਹੈ ਕਿ ਉਪਰੋਕਤ ਦਾ ਉਤਾਰਾ ਪੀ.ਐਸ.ਟੀ.ਸੀ.ਐਲ ਦੀ ਵੈਬਸਾਈਟ ਤੇ ਅਪਲੋਡ ਕੀਤਾ ਜਾਵੇ ਜੀ।